Australian Government
Department of Home Affairs

# ਵੀਜ਼ਾ ਅਰਜ਼ੀ ਖ਼ਰਚਿਆਂ ਦੀ ਵਾਪਸੀ ਅਤੇ ਛੋਟਾਂ

## ਵੀਜ਼ਾ ਅਰਜ਼ੀ ਖ਼ਰਚਿਆਂ ਦੀ ਵਾਪਸੀ

ਜੇ ਤੁਸੀਂ ਵੀਜ਼ੇ ਵਾਲੀ ਅਰਜ਼ੀ ਜਾਂ ਵੀਜ਼ੇ ਵਿੱਚ ਵਾਧੇ ਲਈ ਭੁਗਤਾਨ ਕੀਤਾ ਹੈ ਜੋ COVID-19 ਯਾਤਰਾ ਪਾਬੰਦੀਆਂ ਦੁਆਰਾ ਪ੍ਰਭਾਵਿਤ ਹੋਇਆ ਹੈ ਤਾਂ ਤੁਸੀਂ ਆਪਣੀ ਵੀਜ਼ਾ ਅਰਜ਼ੀ ਫੀਸ (VAC) ਦੀ ਵਾਪਸੀ ਜਾਂ ਛੋਟ ਲਈ ਯੋਗ ਹੋ ਸਕਦੇ ਹੋ।

ਤੁਸੀਂ VAC ਭੁਗਤਾਨ-ਵਾਪਸੀ ਦੀ ਬੇਨਤੀ ਤਾਂ ਹੀ ਕਰ ਸਕਦੇ ਹੋ ਜੇਕਰ ਤੁਸੀਂ ਉਹ ਵਿਅਕਤੀ ਹੋ ਜਿਸ ਨੂੰ ਤੁਹਾਡੀ ਮੂਲ VAC ਰਸੀਦ ਉੱਤੇ 'ਭੁਗਤਾਨ ਕਰਨ ਵਾਲੇ' ਵਜੋਂ ਵਿਖਾਇਆ ਗਿਆ ਹੈ।

ਫੀਸ ਵਾਪਸੀ ਲਈ, COVID-19 ਯਾਤਰਾ ਦੀਆਂ ਪਾਬੰਦੀਆਂ VAC ਫੀਸ ਵਾਪਸੀ ਵਾਲੇ ਬੇਨਤੀ ਫਾਰਮ ਦੀ ਵਰਤੋਂ ਕਰੋ।

ਦੂਸਰੇ VAC ਫੀਸ ਵਾਪਸੀ ਪ੍ਰਬੰਧਾਂ ਬਾਰੇ ਹੋਰ ਜਾਣਕਾਰੀ ਵਾਸਤੇ, ਫੀਸ ਵਾਪਸ ਪ੍ਰਾਪਤ ਕਰਨਾ ਵੇਖੋ।

ਤੁਸੀਂ VEVO ਦੀ ਵਰਤੋਂ ਕਰਕੇ ਆਪਣੇ ਵੀਜ਼ੇ ਦੇ ਵੇਰਵਿਆਂ ਅਤੇ ਸ਼ਰਤਾਂ ਦੀ ਜਾਂਚ ਕਰ ਸਕਦੇ ਹੋ।

## ਆਰਜ਼ੀ ਹੁਨਰ ਦੀ ਕਮੀ (ਟੈਂਪਰੇਰੀ ਸਕਿਲ ਸ਼ੌਰਟੇਜ਼) ਜਾਂ ਅਸਥਾਈ ਕੰਮ (ਹੁਨਰਮੰਦ) ਵੀਜ਼ਾ (ਉਪ-ਸ਼੍ਰੇਣੀ 482 ਅਤੇ 457)

ਜੇ ਤੁਸੀਂ ਆਸਟ੍ਰੇਲੀਆ ਤੋਂ ਬਾਹਰ ਹੋ ਅਤੇ 1 ਫਰਵਰੀ 2020 ਨੂੰ ਜਾਂ ਇਸ ਤੋਂ ਬਾਅਦ ਅਸਥਾਈ ਹੁਨਰ ਦੀ ਕਮੀ ਜਾਂ ਅਸਥਾਈ ਕੰਮ (ਹੁਨਰਮੰਦ) ਵੀਜ਼ਾ ਤੁਹਾਡੇ ਕੋਲ ਹੈ, ਜੋ ਉਸ ਤੋਂ ਬਾਅਦ ਖਤਮ ਹੋ ਗਿਆ ਹੈ, ਤਾਂ ਤੁਸੀਂ ਬਾਅਦ ਵਿੱਚ ਅਸਥਾਈ ਹੁਨਰ ਦੀ ਕਮੀ (ਉਪ-ਸ਼੍ਰੇਣੀ 482) ਵੀਜ਼ਾ ਅਰਜ਼ੀ ਵਿੱਚ VAC ਛੋਟ ਲਈ ਯੋਗ ਹੋਵੋਗੇ ਜੇਕਰ:

- ਆਪਣਾ ਵੀਜ਼ਾ ਖਤਮ ਹੋਣ ਤੋਂ ਪਹਿਲਾਂ ਤੁਸੀਂ COVID-19 ਯਾਤਰਾ ਦੀਆਂ ਪਾਬੰਦੀਆਂ ਕਾਰਨ ਆਸਟ੍ਰੇਲੀਆ ਵਿੱਚ ਦਾਖਲ ਹੋਣ ਦੇ ਅਯੋਗ ਸੀ ਜਾਂ
- ਤੁਸੀਂ ਆਸਟ੍ਰੇਲੀਆ ਦੀ ਯਾਤਰਾ ਕੀਤੀ ਸੀ ਅਤੇ ਚਲੇ ਗਏ ਸੀ ਪਰ COVID-19 ਯਾਤਰਾ ਪਾਬੰਦੀਆਂ ਦੇ ਕਾਰਨ ਆਪਣੇ ਵੀਜ਼ੇ ਦੇ ਖਤਮ ਹੋਣ ਤੋਂ ਪਹਿਲਾਂ ਆਸਟ੍ਰੇਲੀਆ ਵਾਪਸ ਨਹੀਂ ਆ ਸਕੇ ਸੀ।

ਬਿਨੈਕਾਰਾਂ ਕੋਲ ਵੈਧ ਨਾਮਜ਼ਦਗੀ ਹੋਣੀ ਜ਼ਰੂਰੀ ਹੈ। ਅਰਜ਼ੀਆਂ ਲਾਜ਼ਮੀ ਤੌਰ ਤੇ 31 ਦਸੰਬਰ 2022 ਤੋਂ ਪਹਿਲਾਂ ਦਰਜ਼ ਕਰਨੀਆਂ ਚਾਹੀਦੀਆਂ ਹਨ।

## ਛੁੱਟੀਆਂ ਦੌਰਾਨ ਕੰਮ ਕਰਨ ਵਾਲੇ

ਛੁੱਟੀਆਂ ਦੌਰਾਨ ਕੰਮ ਕਰਨ ਵਾਲੇ (WHM) ਵੀਜ਼ਾ ਧਾਰਕ ਜੋ 19 ਜਨਵਰੀ 2022 ਅਤੇ 19 ਅਪਰੈਲ 2022 ਦੇ ਵਿਚਕਾਰ ਆਸਟ੍ਰੇਲੀਆ ਪਹੁੰਚਦੇ ਹਨ, ਉਹ VAC ਫੀਸ ਵਾਪਸੀ ਲਈ ਯੋਗ ਹਨ। ਵਧੇਰੇ ਜਾਣਕਾਰੀ ਵਾਸਤੇ ਵੇਖੋ ਭੁਗਤਾਨ ਵਾਪਸ ਪ੍ਰਾਪਤ ਕਰਨਾ।

ਤੁਸੀਂ ਵਿਦੇਸ਼ ਤੋਂ ਬਿਨਾਂ VAC ਫੀਸ ਨਾਲ (ਕੋਈ ਫੀਸ ਨਹੀਂ) WHM ਵੀਜ਼ੇ ਵਾਸਤੇ ਔਨਲਾਈਨ ਅਰਜ਼ੀ ਦੇਣ ਦੇ ਯੋਗ ਹੋ ਸਕਦੇ ਹੋ, ਜਾਂ VAC ਫੀਸ ਵਾਪਸੀ ਲਈ ਬੇਨਤੀ ਕਰ ਸਕਦੇ ਹੋ ਜੇਕਰ:

- ਤੁਹਾਨੂੰ 20 ਮਾਰਚ 2020 ਤੋਂ ਪਹਿਲਾਂ COVID-19 ਪ੍ਰਭਾਵਿਤ WHM ਵੀਜ਼ਾ ਦਿੱਤਾ ਗਿਆ ਸੀ
- ਤੁਹਾਡੇ WHM ਵੀਜ਼ੇ ਦੀ ਮਿਆਦ 20 ਮਾਰਚ 2020 ਅਤੇ 31 ਦਸੰਬਰ 2021 ਦੇ ਵਿਚਕਾਰ ਖਤਮ ਹੋ ਗਈ ਸੀ ਜਦੋਂ ਤੁਸੀਂ ਆਸਟ੍ਰੇਲੀਆ ਤੋਂ ਬਾਹਰ ਸੀ ਅਤੇ
- ਤੁਸੀਂ ਆਪਣੇ WHM ਵੀਜ਼ੇ ਉੱਤੇ ਆਸਟ੍ਰੇਲੀਆ ਨਹੀਂ ਗਏ ਸੀ, ਜਾਂ ਤੁਸੀਂ ਆਪਣਾ WHM ਵੀਜ਼ਾ ਖਤਮ ਹੋਣ ਤੋਂ ਪਹਿਲਾਂ ਆਸਟ੍ਰੇਲੀਆ ਛੱਡ ਦਿੱਤਾ ਸੀ।

ਜੇ ਯੋਗ ਹੋ, ਤਾਂ ਤੁਸੀਂ 1 ਜੁਲਾਈ 2021 ਤੋਂ 31 ਦਸੰਬਰ 2022 ਤੱਕ ਵਿਦੇਸ਼ ਤੋਂ ਬਿਨਾਂ VAC ਫੀਸ ਦੇ WHM ਵੀਜ਼ੇ ਲਈ ਔਨਲਾਈਨ ਅਰਜ਼ੀ ਪਾ ਸਕਦੇ ਹੋ। ਹੋਰ ਜਾਣਕਾਰੀ ਲਈ, ਵੇਖੋ ਕੰਮ ਕਰਨ ਵਾਲੀਆਂ ਛੁੱਟੀਆਂ ਦਾ ਪ੍ਰੋਗਰਾਮ - ਤਾਜ਼ਾ ਖ਼ਬਰਾਂ।

ਜੇ ਤੁਸੀਂ ਹੁਣ ਵਿਦੇਸ਼ ਤੋਂ ਸਿਫਰ VAC ਫੀਸ ਨਾਲ WHM ਵੀਜ਼ੇ ਦੀ ਅਰਜ਼ੀ ਪਾਉਣ ਵਾਸਤੇ ਉਮਰ ਦੀ ਲੋੜ ਨੂੰ ਹੋਰ ਪੂਰਾ ਨਹੀਂ ਕਰਦੇ, ਤਾਂ ਤੁਸੀਂ VAC ਫੀਸ ਵਾਪਸੀ ਲਈ ਬੇਨਤੀ ਕਰ ਸਕਦੇ ਹੋ। ਅਜਿਹਾ ਕਰਨ ਲਈ, COVID-19 ਯਾਤਰਾ ਦੀਆਂ ਪਾਬੰਦੀਆਂ VAC ਫੀਸ ਵਾਪਸੀ ਵਾਲੇ ਬੇਨਤੀ ਫਾਰਮ ਦੀ ਵਰਤੋਂ ਕਰੋ। ਜੇ ਅਸੀਂ ਭੁਗਤਾਨ-ਵਾਪਸੀ ਵਾਸਤੇ ਤੁਹਾਡੀ ਬੇਨਤੀ ਨੂੰ ਅਸਵੀਕਾਰ ਕਰ ਦਿੰਦੇ ਹਾਂ ਤਾਂ ਕੋਈ ਸਮੀਖਿਆ ਉਪਲਬਧ ਨਹੀਂ ਹੈ।

ਵਿਦੇਸ਼ ਤੋਂ ਸਿਫਰ VAC ਫੀਸ ਨਾਲ ਅਤੇ VAC ਫੀਸ ਵਾਪਸੀ ਲਈ ਬੇਨਤੀਆਂ ਲਾਜ਼ਮੀ ਤੌਰ ਤੇ 31 ਦਸੰਬਰ 2022 ਤੱਕ ਦਰਜ਼ ਕੀਤੀਆਂ ਜਾਣੀਆਂ ਚਾਹੀਦੀਆਂ ਹਨ।

5 ਮਾਰਚ 2022 ਤੋਂ, ਜੇ ਤੁਸੀਂ ਉਸ ਸਮੇਂ ਆਸਟ੍ਰੇਲੀਆ ਵਿੱਚ ਹੋ ਅਤੇ ਅਰਜ਼ੀ ਦੇਣ ਦੇ ਯੋਗ ਹੋਵੋ ਤਾਂ ਤੁਸੀਂ ਆਸਟ੍ਰੇਲੀਆ ਵਿੱਚੋਂ ਸਿਫਰ VAC ਫੀਸ ਨਾਲ WHM ਅਰਜ਼ੀ ਦੇਣ ਦੇ ਯੋਗ ਹੋ ਸਕਦੇ ਹੋ। ਆਸਟ੍ਰੇਲੀਆ ਵਿੱਚੋਂ ਸਿਫਰ VAC ਫੀਸ ਨਾਲ WHM ਵੀਜ਼ੇ ਲਈ ਵੀਜ਼ਾ ਯੋਗਤਾ ਅਤੇ ਲੋੜਾਂ ਬਾਰੇ ਵਧੇਰੇ ਜਾਣਕਾਰੀ ਤਾਜ਼ਾ ਖ਼ਬਰਾਂ 'ਤੇ ਉਪਲਬਧ ਹੈ। ਉਹਨਾਂ WHMs ਵਾਸਤੇ ਕੋਈ ਵੀ VAC ਫੀਸ ਵਾਪਸੀ ਉਪਲਬਧ ਨਹੀਂ ਹੈ ਜੋ ਉਮਰ ਦੀਆਂ ਲੋੜਾਂ ਦੀ ਪੂਰਤੀ ਨਾ ਕਰਨ ਕਰਕੇ ਆਸਟ੍ਰੇਲੀਆ ਵਿੱਚੋਂ ਸਿਫਰ VAC ਵੀਜ਼ੇ ਵਾਸਤੇ ਅਰਜ਼ੀ ਦੇਣ ਦੇ ਯੋਗ ਨਹੀਂ ਹਨ।

## ਵਿਦਿਆਰਥੀ

ਤੁਹਾਡੇ ਕੋਲ 1 ਫਰਵਰੀ 2020 ਨੂੰ ਜਾਂ ਇਸ ਤੋਂ ਬਾਅਦ ਵਿਦਿਆਰਥੀ ਵੀਜ਼ਾ ਸੀ ਅਤੇ COVID-19 ਦੇ ਪ੍ਰਭਾਵਾਂ ਕਰਕੇ ਮੂਲ ਵੀਜ਼ੇ ਦੀ ਮਿਆਦ ਦੇ ਅੰਦਰ ਆਪਣਾ ਕੋਰਸ ਪੂਰਾ ਨਹੀਂ ਕਰ ਸਕੇ, ਜੇ ਤੁਸੀਂ ਵਿਦਿਆਰਥੀ ਵੀਜ਼ੇ ਲਈ ਹੋਰ ਅਰਜ਼ੀ ਪਾਉਂਦੇ ਹੋ ਤਾਂ ਅਸੀਂ ਵੀਜ਼ੇ ਦੀ ਅਰਜ਼ੀ ਫੀਸ ਨੂੰ ਮੁਆਫ ਕਰਾਂਗੇ। ਇਸ ਵਿੱਚ ਸ਼ਾਮਲ ਹਨ ਜੇ ਤੁਸੀਂ:

- ਆਪਣੀ ਪੜ੍ਹਾਈ ਨੂੰ ਮੁਲਤਵੀ ਕਰ ਦਿੱਤਾ ਸੀ ਕਿਉਂਕਿ ਯਾਤਰਾ ਦੀਆਂ ਪਾਬੰਦੀਆਂ ਕਰਕੇ ਤੁਸੀਂ ਆਸਟ੍ਰੇਲੀਆ ਵਿੱਚ ਦਾਖਲ ਨਹੀਂ ਹੋ ਸਕੇ ਸੀ
- ਜੋ ਪੂਰੇ ਸਮੇਂ ਦੀ ਪੜ੍ਹਾਈ ਨੂੰ ਘਟਾ ਕੇ ਥੋੜ੍ਹੇ ਸਮੇਂ ਦੀ ਪੜ੍ਹਾਈ ਕਰਨ ਲਈ ਮਜਬੂਰ ਹੋ ਗਏ ਸਨ
- ਆਪਣੀ ਕੰਮ-ਆਧਾਰਿਤ ਸਿਖਲਾਈ ਜਾਂ ਸਿਖਲਾਈ ਵਾਲੀਆਂ ਨੌਕਰੀਆਂ ਨੂੰ ਪੂਰਾ ਨਹੀਂ ਕਰ ਸਕੇ ਸੀ।

ਇਹ ਉਪਾਅ ਉਹਨਾਂ ਵਿਦਿਆਰਥੀਆਂ ਵਾਸਤੇ ਨਹੀਂ ਹੈ ਜੋ ਸਾਧਾਰਣ ਕਾਰਣਾਂ ਕਰਕੇ ਨਵੇਂ ਵਿਦਿਆਰਥੀ ਵੀਜ਼ੇ ਵਾਸਤੇ ਅਰਜ਼ੀ ਦੇ ਰਹੇ ਹਨ ਸਮੇਤ ਇਸ ਦੇ ਕਿ ਜੇ ਤੁਸੀਂ ਕਿਸੇ ਕੋਰਸ ਜਾਂ ਪੜ੍ਹਾਈ ਦੇ ਇਕ ਵਿਸ਼ੇ ਵਿੱਚ ਫੇਲ੍ਹ ਹੋ ਗਏ ਹੋ, ਨਿੱਜੀ ਕਾਰਣਾਂ ਕਰਕੇ ਮੁਲਤਵੀ ਕੀਤਾ ਹੈ ਜਾਂ ਆਪਣੀ ਮਰਜ਼ੀ ਨਾਲ ਆਪਣੀ ਪੜ੍ਹਾਈ ਦੇ ਭਾਰ ਨੂੰ ਘੱਟ ਕੀਤਾ ਹੈ।

ਤੁਹਾਨੂੰ ਲਾਜ਼ਮੀ ਤੌਰ ਤੇ ਵਿਦਿਆਰਥੀ ਵੀਜ਼ੇ ਵਾਸਤੇ ਅਰਜ਼ੀ ਦੇਣੀ ਚਾਹੀਦੀ ਹੈ ਤਾਂ ਜੋ ਫੀਸ ਵਿੱਚ ਛੋਟ ਦੀ ਤੁਹਾਡੀ ਅਰਜ਼ੀ ਉੱਤੇ ਵਿਚਾਰ ਕੀਤਾ ਜਾ ਸਕੇ ਅਤੇ ਆਪਣੇ ਸਿੱਖਿਆ ਪ੍ਰਦਾਤੇ ਦੁਆਰਾ ਪੂਰੇ ਕੀਤੇ ਫ਼ਾਰਮ 1545 COVID-19 ਪ੍ਰਭਾਵਿਤ ਵਿਦਿਆਰਥੀ ਨੂੰ ਨਾਲ ਨੱਥੀ ਕਰੋ।

ਜੇ ਤੁਸੀਂ ਫੀਸ ਦੀ ਛੋਟ ਵਾਸਤੇ ਅਰਜ਼ੀ ਆਸਟ੍ਰੇਲੀਆ ਦੇ ਅੰਦਰ ਦੇ ਰਹੇ ਹੋ, ਤਾਂ ਬ੍ਰਿਜਿੰਗ ਵੀਜ਼ਾ ਆਪਣੇ ਆਪ ਜਾਰੀ ਨਹੀਂ ਕੀਤਾ ਜਾਵੇਗਾ ਕਿਉਂਕਿ ਫੀਸ ਵਿੱਚ ਛੋਟ ਦੀ ਪਹਿਲਾਂ ਜਾਂਚ ਕੀਤੀ ਜਾਣੀ ਲਾਜ਼ਮੀ ਹੈ।

ਇਹ ਛੋਟ ਕੇਵਲ VAC ਉੱਤੇ ਲਾਗੂ ਹੁੰਦੀ ਹੈ।

ਇਸ ਤੋਂ ਇਲਾਵਾ, ਵਿਦਿਆਰਥੀ ਵੀਜ਼ਾ ਧਾਰਕ ਜੋ ਆਸਟ੍ਰੇਲੀਆ ਤੋਂ ਬਾਹਰ ਹਨ ਅਤੇ 19 ਜਨਵਰੀ 2022 ਤੋਂ 19 ਮਾਰਚ 2022 ਦੇ ਵਿਚਕਾਰ ਪਹੁੰਚਦੇ ਹਨ, ਉਹ ਆਪਣੀ VAC ਦੀ ਵਾਪਸੀ ਲਈ ਯੋਗ ਹੋਣਗੇ। VAC ਫੀਸ ਵਾਪਸੀ ਲਈ ਅਰਜ਼ੀ ਕਿਵੇਂ ਦੇਣੀ ਹੈ, ਇਸ ਬਾਰੇ ਵਧੇਰੇ ਜਾਣਕਾਰੀ ਵਾਸਤੇ ਭੁਗਤਾਨ ਵਾਪਸ ਪ੍ਰਾਪਤ ਕਰਨਾ ਵੇਖੋ।

## ਸੈਲਾਨੀ (ਉਪ-ਸ਼੍ਰੇਣੀ 600)

ਤੁਸੀਂ ਬਿਨਾਂ ਕਿਸੇ ਫੀਸ (VAC ਛੋਟ) ਦੇ ਇਕ ਨਵੇਂ ਸੈਲਾਨੀ (ਉਪ-ਸ਼੍ਰੇਣੀ 600) ਵੀਜ਼ੇ (ਫ਼ਰੀਕੁਐਂਟ ਟਰੈਵਲਰ ਸਟ੍ਰੀਮ ਨੂੰ ਛੱਡ ਕੇ) ਵਾਸਤੇ ਅਰਜ਼ੀ ਦੇ ਸਕਦੇ ਹੋ ਜੇਕਰ:

- ਤੁਸੀਂ ਆਸਟ੍ਰੇਲੀਆ ਤੋਂ ਬਾਹਰ ਹੋ ਅਤੇ
- ਤੁਹਾਡੇ ਕੋਲ ਸੈਲਾਨੀ (ਉਪ-ਸ਼੍ਰੇਣੀ 600) ਵੀਜ਼ਾ ਹੈ, ਜਾਂ ਪਹਿਲਾਂ ਸੀ ਜੋ:
    - ਅਸੀਂ 21 ਮਾਰਚ 2020 ਤੋਂ ਪਹਿਲਾਂ ਆਸਟ੍ਰੇਲੀਆ ਤੋਂ ਬਾਹਰ ਜਾਰੀ ਕੀਤਾ ਸੀ
    - ਮਿਆਦ ਪੁੱਗ ਚੁੱਕੀ ਹੈ, ਜਾਂ ਇਸ ਦੀ ਮਿਆਦ, 20 ਮਾਰਚ 2020 ਤੋਂ ਲੈ ਕੇ 30 ਜੂਨ 2022 ਦੇ ਵਿਚਕਾਰ ਖਤਮ ਹੋ ਜਾਵੇਗੀ
    - ਤੁਹਾਡਾ ਵੀਜ਼ਾ ਵਾਰ-ਵਾਰ ਆਉਣ ਵਾਲਾ (ਮਲਟੀਪਲ ਐਂਟਰੀ) ਵੀਜ਼ਾ ਜਾਂ ਇਕ ਵਾਰੀ ਆਉਣ ਵਾਲਾ (ਸਿੰਗਲ-ਐਂਟਰੀ) ਵੀਜ਼ਾ ਸੀ ਜਿਸ ਦੀ ਵਰਤੋਂ ਆਸਟ੍ਰੇਲੀਆ ਦੀ ਯਾਤਰਾ ਵਾਸਤੇ ਨਹੀਂ ਕੀਤੀ ਗਈ ਸੀ

ਤੁਹਾਨੂੰ ਆਪਣੀ ਨਵੀਂ ਅਰਜ਼ੀ 31 ਦਸੰਬਰ 2022 ਤੱਕ ImmiAccount ਰਾਹੀਂ ਔਨਲਾਈਨ ਪਾਉਣੀ ਚਾਹੀਦੀ ਹੈ।

ਆਪਣੇ ਔਨਲਾਈਨ ਅਰਜ਼ੀ ਫਾਰਮ ਵਿੱਚ ਸਾਨੂੰ ਦੱਸੋ ਕਿ ਤੁਹਾਡੇ ਕੋਲ COVID-19 ਨਾਲ ਸਬੰਧਿਤ ਯਾਤਰਾ ਪਾਬੰਦੀਆਂ ਨਾਲ ਪ੍ਰਭਾਵਿਤ ਪਿਛਲਾ ਸੈਲਾਨੀ ਵੀਜ਼ਾ ਸੀ। ਜੇ ਅਸੀਂ ਤੁਹਾਡੀ ਯੋਗਤਾ ਦੀ ਪੁਸ਼ਟੀ ਕਰਦੇ ਹਾਂ, ਤਾਂ ਜਦ ਤੁਸੀਂ ਆਪਣੀ ਅਰਜ਼ੀ ਸੌਂਪਦੇ ਹੋ ਤਾਂ ਤੁਹਾਨੂੰ VAC ਦਾ ਭੁਗਤਾਨ ਕਰਨ ਦੀ ਲੋੜ ਨਹੀਂ ਪਵੇਗੀ।

ਤੁਸੀਂ ਆਪਣੀ VAC ਛੋਟ ਦੇ ਨਾਲ ਕੇਵਲ ਇਕ ਵਾਰ ਹੀ ਅਰਜ਼ੀ ਦੇ ਸਕਦੇ ਹੋ। ਜੇ ਅਸੀਂ ਤੁਹਾਡੇ ਵੀਜ਼ੇ ਨੂੰ ਮਨ੍ਹਾਂ ਵੀ ਕਰ ਦਿੰਦੇ ਹਾਂ ਤਾਂ ਵੀ ਤੁਸੀਂ ਦੂਜੀ ਵਾਰ ਛੋਟ ਦੇ ਯੋਗ ਨਹੀਂ ਹੋ।

## ਸੰਭਾਵਿਤ ਵਿਆਹ ਵੀਜ਼ਾ

2020 ਦੇ ਅਖੀਰ ਵਿੱਚ/2021 ਦੇ ਸ਼ੁਰੂ ਵਿੱਚ, ਸੰਭਾਵਿਤ ਵਿਆਹ (ਸਬਕਲਾਸ 300) ਵੀਜ਼ਾ ਧਾਰਕਾਂ, ਸਾਬਕਾ ਵੀਜ਼ਾ ਧਾਰਕਾਂ ਅਤੇ ਵੀਜ਼ਾ ਬਿਨੈਕਾਰਾਂ ਨੂੰ COVID-19 ਯਾਤਰਾ ਦੀਆਂ ਪਾਬੰਦੀਆਂ ਕਾਰਨ ਆਸਟ੍ਰੇਲੀਆ ਵਿੱਚ ਦਾਖਲ ਨਾ ਹੋ ਸਕਣ ਵਾਸਤੇ ਸਹਾਇਤਾ ਦੇਣ ਲਈ ਬਦਲਾਅ ਪੇਸ਼ ਕੀਤੇ ਗਏ ਸਨ।

29 ਅਕਤੂਬਰ 2021 ਨੂੰ, ਵੀਜ਼ਾ ਵੈਧਤਾ ਮਿਆਦ ਅਤੇ VAC ਫੀਸ ਵਾਪਸੀ ਦੇ ਹੋਰ ਵਿਸਥਾਰ ਦੀ ਸ਼ੁਰੂਆਤ ਕੀਤੀ ਗਈ ਸੀ। ਇਹ ਸੰਭਾਵਿਤ ਵਿਆਹ ਵੀਜ਼ਾ ਧਾਰਕਾਂ ਦੀ ਸਹਾਇਤਾ ਕਰਦੇ ਹਨ ਜਿਨ੍ਹਾਂ ਨੂੰ COVID-19 ਨਾਲ ਸਬੰਧਤ ਯਾਤਰਾ ਪਾਬੰਦੀਆਂ ਕਾਰਨ ਆਸਟ੍ਰੇਲੀਆ ਵਿੱਚ ਦਾਖਲ ਹੋਣ ਵਿੱਚ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

## ਵੀਜ਼ਿਆਂ ਵਿੱਚ ਵਾਧੇ

10 ਦਸੰਬਰ 2020 ਨੂੰ, ਸੰਭਾਵਿਤ ਵਿਆਹ ਵਾਲੇ ਵੀਜ਼ਾ ਧਾਰਕ ਜਾਂ ਸਾਬਕਾ ਵੀਜ਼ਾ ਧਾਰਕ ਜੋ ਉਸ ਦਿਨ ਆਸਟ੍ਰੇਲੀਆ ਤੋਂ ਬਾਹਰ ਸਨ ਅਤੇ ਜਿੰਨ੍ਹਾਂ ਦੇ ਕੋਲ 6 ਅਕਤੂਬਰ 2020 ਅਤੇ 10 ਦਸੰਬਰ 2020 ਦੇ ਵਿਚਕਾਰ ਕਿਸੇ ਵੀ ਸਮੇਂ ਸੰਭਾਵਿਤ ਵਿਆਹ ਵਾਲਾ ਵੀਜ਼ਾ ਸੀ, ਦੀ ਵੀਜ਼ਾ ਵੈਧਤਾ ਮਿਆਦ 31 ਮਾਰਚ 2022 ਤੱਕ ਵਧਾ ਦਿੱਤੀ ਗਈ ਸੀ।

29 ਅਕਤੂਬਰ 2021 ਨੂੰ, ਸੰਭਾਵਿਤ ਵਿਆਹ ਵੀਜ਼ਾ ਧਾਰਕ ਜਿਨ੍ਹਾਂ ਕੋਲ ਉਪ-ਸ਼੍ਰੇਣੀ 300 ਵੀਜ਼ਾ ਸੀ ਅਤੇ ਉਹ 15 ਸਤੰਬਰ 2021 ਨੂੰ ਆਸਟ੍ਰੇਲੀਆ ਤੋਂ ਬਾਹਰ ਸਨ, ਉਨ੍ਹਾਂ ਦੀ ਵੀਜ਼ਾ ਵੈਧਤਾ ਮਿਆਦ 31 ਦਸੰਬਰ 2022 ਤੱਕ ਵਧਾ ਦਿੱਤੀ ਗਈ ਸੀ।

ਤੁਸੀਂ VEVO ਦੀ ਵਰਤੋਂ ਕਰਕੇ ਆਪਣੇ ਵੀਜ਼ੇ ਦੇ ਵੇਰਵਿਆਂ ਅਤੇ ਸ਼ਰਤਾਂ ਦੀ ਜਾਂਚ ਕਰ ਸਕਦੇ ਹੋ।

## ਵੀਜ਼ਾ ਅਰਜ਼ੀ ਫੀਸ ਵਾਪਸੀ ਜਿੰਨ੍ਹਾਂ ਦੇ ਵੀਜ਼ੇ ਵਿੱਚ ਵਾਧਾ ਕੀਤਾ ਗਿਆ ਸੀ

ਵੀਜ਼ਾ ਅਰਜ਼ੀ ਫੀਸਾਂ (VAC) ਵਾਪਸ ਕੀਤੀਆਂ ਜਾ ਰਹੀਆਂ ਹਨ, ਜਿੱਥੇ COVID-19 ਨਾਲ ਸਬੰਧਤ ਯਾਤਰਾ ਪਾਬੰਦੀਆਂ ਨੇ ਵੀਜ਼ਾ ਧਾਰਕ ਦੀ ਆਸਟ੍ਰੇਲੀਆ ਨੂੰ ਯਾਤਰਾ ਕਰਨ ਅਤੇ ਆਪਣੇ ਸਾਥੀ ਨਾਲ ਵਿਆਹ ਕਰਨ ਦੀ ਯੋਗਤਾ ਨੂੰ ਪ੍ਰਭਾਵਿਤ ਕੀਤਾ ਹੈ।

ਜੇ ਤੁਹਾਡੀ ਸੰਭਾਵਿਤ ਵਿਆਹ ਵਾਲੇ ਵੀਜ਼ੇ ਦੀ ਵੈਧਤਾ ਮਿਆਦ ਨੂੰ 10 ਦਸੰਬਰ 2020 ਨੂੰ ਵਧਾਇਆ ਗਿਆ ਸੀ, ਤਾਂ VAC ਦਾ ਭੁਗਤਾਨ ਕਰਤਾ ਤੁਹਾਡੀ ਫੀਸ ਵਾਪਸੀ ਲਈ ਬੇਨਤੀ ਕਰ ਸਕਦਾ ਹੈ ਜੇ:

- ਤੁਸੀਂ ਇਸ ਵੀਜ਼ੇ ਦੇ ਧਾਰਕ ਵਜੋਂ 10 ਦਸੰਬਰ 2020 ਤੋਂ ਬਾਅਦ ਆਸਟ੍ਰੇਲੀਆ ਦੀ ਯਾਤਰਾ ਨਹੀਂ ਕੀਤੀ ਹੈ ਅਤੇ
- ਫੀਸ ਵਾਪਸੀ ਵਾਸਤੇ ਬੇਨਤੀ ਦੇ ਸਮੇਂ, ਇਹਨਾਂ ਵਿੱਚੋਂ ਕੋਈ ਹਨ:
    - ਤੁਹਾਡਾ ਵੀਜ਼ਾ ਲਾਗੂ ਨਹੀਂ ਹੋਇਆ ਹੈ ਜਾਂ ਤੁਹਾਡੀ ਬੇਨਤੀ ਉੱਤੇ ਰੱਦ ਕਰ ਦਿੱਤਾ ਗਿਆ ਸੀ ਜਾਂ
    - ਤੁਹਾਡਾ ਵੀਜ਼ਾ ਇਸ ਸਮੇਂ ਲਾਗੂ ਹੈ ਅਤੇ ਤੁਸੀਂ ਮੰਤਰੀ ਨੂੰ ਆਪਣਾ ਵੀਜ਼ਾ ਰੱਦ ਕਰਨ ਲਈ ਕਿਹਾ ਹੈ।

ਜੇ 29 ਅਕਤੂਬਰ 2021 ਨੂੰ ਲਿਆਂਦੀਆਂ ਗਈਆਂ ਤਬਦੀਲੀਆਂ ਦੇ ਹਿੱਸੇ ਵਜੋਂ ਤੁਹਾਡੀ ਸੰਭਾਵਿਤ ਵਿਆਹ ਵੀਜ਼ਾ ਵੈਧਤਾ ਮਿਆਦ ਨੂੰ ਵਧਾ ਦਿੱਤਾ ਗਿਆ ਸੀ, ਤਾਂ ਤੁਹਾਡੇ VAC ਦਾ ਭੁਗਤਾਨ ਕਰਤਾ ਫੀਸ ਵਾਪਸੀ ਲਈ ਬੇਨਤੀ ਕਰ ਸਕਦਾ ਹੈ ਜੇ:

- ਤੁਹਾਡੇ ਕੋਲ ਸੰਭਾਵੀ ਵਿਆਹ ਦਾ ਵੀਜ਼ਾ ਸੀ ਅਤੇ 15 ਸਤੰਬਰ 2021 ਨੂੰ ਆਸਟ੍ਰੇਲੀਆ ਤੋਂ ਬਾਹਰ ਸੀ ਅਤੇ
- ਤੁਸੀਂ ਇਸ ਵੀਜ਼ੇ ਦੇ ਧਾਰਕ ਵਜੋਂ 15 ਸਤੰਬਰ 2021 ਤੋਂ ਬਾਅਦ ਆਸਟ੍ਰੇਲੀਆ ਦੀ ਯਾਤਰਾ ਨਹੀਂ ਕੀਤੀ ਹੈ ਅਤੇ

- ਫੀਸ ਵਾਪਸੀ ਲਈ ਬੇਨਤੀ ਦੇ ਸਮੇਂ ਤੁਹਾਡਾ ਵੀਜ਼ਾ ਬੰਦ ਹੋ ਗਿਆ ਹੈ ਕਿਉਂਕਿ ਤੁਸੀਂ ਮੰਤਰੀ ਨੂੰ ਆਪਣਾ ਵੀਜ਼ਾ ਰੱਦ ਕਰਨ ਲਈ ਕਿਹਾ ਸੀ।

ਆਮ ਤੌਰ ਤੇ, ਫੀਸ ਵਾਪਸੀ ਬੇਨਤੀ ਕੇਵਲ ਉਸ ਵਿਅਕਤੀ ਦੁਆਰਾ ਕੀਤੀ ਜਾ ਸਕਦੀ ਹੈ ਜਿਸ ਨੂੰ VAC ਦੀ ਮੂਲ ਰਸੀਦ ਉੱਤੇ 'ਭੁਗਤਾਨ ਕਰਤਾ' ਵਜੋਂ ਵਿਖਾਇਆ ਜਾਂਦਾ ਹੈ। ਫੀਸ ਵਾਪਸੀ ਲਈ ਬੇਨਤੀਆਂ ਲਾਜ਼ਮੀ ਤੌਰ ਤੇ 31 ਦਸੰਬਰ 2022 ਤੱਕ ਕੀਤੀਆਂ ਜਾਣੀਆਂ ਚਾਹੀਦੀਆਂ ਹਨ।

ਜੇ ਤੁਹਾਡਾ ਵੀਜ਼ਾ ਅਜੇ ਵੀ ਲਾਗੂ ਹੈ, ਤਾਂ ਫੀਸ ਵਾਪਸੀ ਦੀ ਬੇਨਤੀ ਕਰਨ ਤੋਂ ਪਹਿਲਾਂ, ਤੁਹਾਨੂੰ ਪਹਿਲਾਂ ਆਪਣੇ ਸੰਭਾਵਿਤ ਵਿਆਹ (ਸਬਕਲਾਸ 300) ਵਾਲੇ ਵੀਜ਼ੇ ਨੂੰ ਰੱਦ ਕਰਨ ਦੀ ਬੇਨਤੀ ਕਰਨ ਲਈ ਆਪਣੇ ImmiAccount ਦੀ ਵਰਤੋਂ ਕਰਨੀ ਚਾਹੀਦੀ ਹੈ।

ਜੇ ਤੁਸੀਂ VAC ਫੀਸ ਵਾਪਸੀ ਵਾਸਤੇ ਯੋਗ ਹੋ, ਤਾਂ COVID-19 ਯਾਤਰਾ ਦੀਆਂ ਪਾਬੰਦੀਆਂ VAC ਫੀਸ ਵਾਪਸੀ ਵਾਲੇ ਬੇਨਤੀ ਫਾਰਮ ਦੀ ਵਰਤੋਂ ਕਰੋ।

VAC ਫੀਸ ਵਾਪਸੀਆਂ ਉਪਲਬਧ ਨਹੀਂ ਹਨ, ਜੇਕਰ:

- ਤੁਹਾਡਾ ਸੰਭਾਵਿਤ ਵਿਆਹ ਵੀਜ਼ਾ, ਮੰਤਰੀ ਦੁਆਰਾ ਰੱਦ ਕਰ ਦਿੱਤਾ ਗਿਆ ਸੀ (ਜਦ ਤੱਕ ਤੁਸੀਂ ਇਸ ਨੂੰ ਖੁਦ ਰੱਦ ਕਰਨ ਦੀ ਬੇਨਤੀ ਨਹੀਂ ਕੀਤੀ ਹੈ) ਜਾਂ
- ਤੁਸੀਂ ਜੀਵਨ-ਸਾਥੀ (ਉਪ-ਸ਼੍ਰੇਣੀ 801) ਵੀਜ਼ੇ ਲਈ ਅਰਜ਼ੀ ਦਰਜ਼ ਕੀਤੀ ਸੀ ਅਤੇ ਘਟਾਈ ਹੋਈ VAC ਫੀਸ ਅਦਾ ਕੀਤੀ ਸੀ, ਕਿਉਂਕਿ ਤੁਹਾਡੇ ਕੋਲ ਸੰਭਾਵਿਤ ਵਿਆਹ ਵਾਲਾ ਵੀਜ਼ਾ ਸੀ ਜਾਂ
- ਜਿਸ ਸਮੇਂ ਤੁਹਾਡੇ ਵੀਜ਼ੇ ਨੂੰ ਖਤਮ ਕਰ ਦਿੱਤਾ ਸੀ, ਤੁਸੀਂ ਜਾਂ ਤੁਹਾਡੇ ਸਪੌਂਸਰ ਨੇ ਵਿਭਾਗ ਨੂੰ ਦੱਸਿਆ ਸੀ ਕਿ ਤੁਸੀਂ ਹੁਣ ਵਿਆਹ ਕਰਨ ਦਾ ਇਰਾਦਾ ਨਹੀਂ ਰੱਖਦੇ ਹੋ

## ਸਾਬਕਾ ਵੀਜ਼ਾ ਧਾਰਕਾਂ ਅਤੇ ਆਸਟ੍ਰੇਲੀਆ ਵਿੱਚ ਆਪਣੇ ਸਾਥੀ ਨਾਲ ਵਿਆਹ ਕਰਨ ਵਿੱਚ ਅਸਮਰੱਥ ਲੋਕਾਂ ਲਈ ਵੀਜ਼ਾ ਅਰਜ਼ੀ ਦੀ ਫੀਸ ਵਾਪਸੀ

ਜੇ ਤੁਹਾਡਾ ਸੰਭਾਵਿਤ ਵਿਆਹ ਵਾਲਾ ਵੀਜ਼ਾ 20 ਮਾਰਚ 2020 ਤੋਂ 5 ਅਕਤੂਬਰ 2020 ਦੇ ਵਿਚਕਾਰ ਖਤਮ ਹੋ ਗਿਆ ਸੀ, ਤਾਂ ਵੀਜ਼ਾ ਅਰਜ਼ੀ ਫੀਸ (VAC) ਦਾ ਭੁਗਤਾਨ ਕਰਤਾ VAC ਫੀਸ ਵਾਪਸੀ ਲਈ ਯੋਗ ਹੋ ਸਕਦਾ ਹੈ, ਜੇ ਤੁਹਾਡਾ ਵੀਜ਼ਾ ਉਸ ਸਮੇਂ ਖਤਮ ਹੋ ਜਾਂਦਾ ਹੈ, ਜਦੋਂ ਤੁਸੀਂ ਆਸਟ੍ਰੇਲੀਆ ਤੋਂ ਬਾਹਰ ਸੀ।

ਜੇ ਤੁਹਾਡਾ ਵੀਜ਼ਾ ਖਤਮ ਹੋ ਗਿਆ ਹੈ ਅਤੇ ਤੁਸੀਂ COVID-19 ਪਾਬੰਦੀਆਂ ਦੇ ਕਾਰਨ ਆਪਣੇ ਵੀਜ਼ੇ ਦੇ ਬੰਦ ਹੋਣ ਤੋਂ ਪਹਿਲਾਂ ਆਸਟ੍ਰੇਲੀਆ ਵਿੱਚ ਆਪਣੇ ਸਪੌਂਸਰ ਨਾਲ ਵਿਆਹ ਕਰਨ ਦੇ ਅਯੋਗ ਸੀ ਤਾਂ VAC ਦਾ ਭੁਗਤਾਨ ਕਰਤਾ VAC ਫੀਸ ਵਾਪਸੀ ਲਈ ਯੋਗ ਹੋ ਸਕਦਾ ਹੈ। ਇਸ ਵਿੱਚ ਕੁਆਰੰਟੀਨ ਦੀਆਂ ਲੋੜਾਂ ਅਤੇ ਰਾਜ ਦੇ ਅੰਦਰ ਜਾਂ ਅੰਤਰਰਾਜੀ ਯਾਤਰਾ

ਵਾਲੀਆਂ ਪਾਬੰਦੀਆਂ ਸ਼ਾਮਲ ਹੋ ਸਕਦੀਆਂ ਹਨ। ਜੇ ਤੁਸੀਂ ਆਪਣੇ ਵੀਜ਼ੇ ਨਾਲ ਆਸਟ੍ਰੇਲੀਆ ਦੀ ਯਾਤਰਾ ਕੀਤੀ ਸੀ ਤਾਂ VAC ਦਾ ਭੁਗਤਾਨ ਕਰਤਾ ਇਹਨਾਂ ਵਿਵਸਥਾਵਾਂ ਦੇ ਅਧੀਨ ਭੁਗਤਾਨ-ਵਾਪਸੀ ਵਾਸਤੇ ਯੋਗ ਹੋ ਸਕਦਾ ਹੈ ਅਤੇ:

- ਤੁਹਾਡਾ ਵੀਜ਼ਾ 20 ਮਾਰਚ 2020 ਅਤੇ 5 ਅਕਤੂਬਰ 2020 ਦੇ ਵਿਚਕਾਰ ਲਾਗੂ ਹੋਣਾ ਖਤਮ ਹੋ ਗਿਆ ਸੀ ਜਦੋਂ ਤੁਸੀਂ ਆਸਟ੍ਰੇਲੀਆ ਵਿੱਚ ਸੀ ਜਾਂ
- ਤੁਹਾਡਾ ਵੀਜ਼ਾ 10 ਸਤੰਬਰ 2021 ਤੋਂ ਲਾਗੂ ਸੀ ਅਤੇ ਤੁਹਾਡਾ ਵੀਜ਼ਾ ਉਸ ਸਮੇਂ ਲਾਗੂ ਹੋਣਾ ਖਤਮ ਹੋ ਗਿਆ ਜਦੋਂ ਤੁਸੀਂ ਆਪਣੀ ਭੁਗਤਾਨ-ਵਾਪਸੀ ਦੀ ਬੇਨਤੀ ਕਰਦੇ ਹੋ।

ਫੀਸ ਵਾਪਸੀਆਂ ਉਪਲਬਧ ਨਹੀਂ ਹਨ ਜੇ ਤੁਸੀਂ ਆਪਣੇ ਸਪੌਂਸਰ ਨਾਲ ਵਿਆਹ ਇਸ ਲਈ ਨਹੀਂ ਕੀਤਾ ਕਿਉਂਕਿ COVID-19 ਸਬੰਧਿਤ ਪਾਬੰਦੀਆਂ ਲਾਗੂ ਹਨ:

- ਤੁਹਾਡੇ ਪ੍ਰਸਤਾਵਿਤ ਵਿਆਹ ਵਿੱਚ ਸ਼ਾਮਲ ਹੋਣ ਦੇ ਯੋਗ ਮਹਿਮਾਨਾਂ ਦੀ ਸੰਖਿਆ ਨੂੰ ਸੀਮਤ ਕਰਨਾ
- ਮਹਿਮਾਨਾਂ, ਜਾਂ ਵਿਸ਼ੇਸ਼ ਮਹਿਮਾਨਾਂ ਨੂੰ, ਤੁਹਾਡੇ ਪ੍ਰਸਤਾਵਿਤ ਵਿਆਹ ਵਿੱਚ ਸ਼ਾਮਲ ਹੋਣ ਤੋਂ ਰੋਕਿਆ ਗਿਆ, ਜਾਂ
- ਤੁਹਾਡੇ ਅਤੇ ਤੁਹਾਡੇ ਸਪੌਂਸਰ ਦੁਆਰਾ ਤਰਜੀਹ ਦਿੱਤੇ ਗਏ ਸਮੇਂ ਜਾਂ ਸਥਾਨ ਉੱਤੇ ਹੋਣ ਵਾਲੇ ਪ੍ਰਸਤਾਵਿਤ ਵਿਆਹ ਨੂੰ ਰੋਕਿਆ ਗਿਆ।

ਆਮ ਤੌਰ ਤੇ, ਫੀਸ ਵਾਪਸੀ ਬੇਨਤੀ ਕੇਵਲ ਉਸ ਵਿਅਕਤੀ ਦੁਆਰਾ ਕੀਤੀ ਜਾ ਸਕਦੀ ਹੈ ਜਿਸ ਨੂੰ VAC ਦੀ ਮੂਲ ਰਸੀਦ ਉੱਤੇ 'ਭੁਗਤਾਨ ਕਰਤਾ' ਵਜੋਂ ਵਿਖਾਇਆ ਜਾਂਦਾ ਹੈ। ਜੇ ਤੁਸੀਂ VAC ਫੀਸ ਵਾਪਸੀ ਵਾਸਤੇ ਯੋਗ ਹੋ, ਤਾਂ COVID-19 ਯਾਤਰਾ ਦੀਆਂ ਪਾਬੰਦੀਆਂ VAC ਫੀਸ ਵਾਪਸੀ ਵਾਲੇ ਬੇਨਤੀ ਫਾਰਮ ਦੀ ਵਰਤੋਂ ਕਰੋ।

VAC ਫੀਸ ਵਾਪਸੀਆਂ ਉਪਲਬਧ ਨਹੀਂ ਹਨ, ਜੇਕਰ:

- ਤੁਹਾਡਾ ਸੰਭਾਵਿਤ ਵਿਆਹ ਵੀਜ਼ਾ, ਮੰਤਰੀ ਦੁਆਰਾ ਰੱਦ ਕਰ ਦਿੱਤਾ ਗਿਆ ਸੀ (ਜਦ ਤੱਕ ਤੁਸੀਂ ਇਸ ਨੂੰ ਖੁਦ ਰੱਦ ਕਰਨ ਦੀ ਬੇਨਤੀ ਨਹੀਂ ਕੀਤੀ ਹੈ)
- ਤੁਸੀਂ ਜੀਵਨ-ਸਾਥੀ (ਉਪ-ਸ਼੍ਰੇਣੀ 801) ਵੀਜ਼ੇ ਲਈ ਅਰਜ਼ੀ ਦਰਜ਼ ਕੀਤੀ ਸੀ ਅਤੇ ਘਟਾਈ ਹੋਈ VAC ਫੀਸ ਅਦਾ ਕੀਤੀ ਸੀ, ਕਿਉਂਕਿ ਤੁਹਾਡੇ ਕੋਲ ਸੰਭਾਵਿਤ ਵਿਆਹ ਵਾਲਾ ਵੀਜ਼ਾ ਸੀ ਜਾਂ
- ਜਿਸ ਸਮੇਂ ਤੁਹਾਡੇ ਵੀਜ਼ੇ ਨੂੰ ਖਤਮ ਕਰ ਦਿੱਤਾ ਸੀ, ਤੁਸੀਂ ਜਾਂ ਤੁਹਾਡੇ ਸਪੌਂਸਰ ਨੇ ਵਿਭਾਗ ਨੂੰ ਦੱਸਿਆ ਸੀ ਕਿ ਤੁਸੀਂ ਹੁਣ ਵਿਆਹ ਕਰਨ ਦਾ ਇਰਾਦਾ ਨਹੀਂ ਰੱਖਦੇ ਹੋ।

ਸਾਬਕਾ ਸੰਭਾਵਿਤ ਵਿਆਹ ਵਾਲੇ ਵੀਜ਼ਾ ਧਾਰਕਾਂ ਵਾਸਤੇ, ਬਾਅਦ ਵਿੱਚ ਕੀਤੀਆਂ ਗਈਆਂ ਕਿਸੇ ਵੀ ਸੰਭਾਵਿਤ ਵਿਆਹ ਜਾਂ ਭਾਈਵਾਲ ਵੀਜ਼ਾ ਅਰਜ਼ੀਆਂ ਦੀ ਪ੍ਰਕਿਰਿਆ ਨੂੰ ਤਰਜੀਹ ਦਿੱਤੀ ਜਾਂਦੀ ਹੈ। ਅਰਜ਼ੀਆਂ ਉੱਤੇ ਕਾਰਵਾਈ ਕਰਨ ਦੇ ਸਮੇਂ ਇਸ ਗੱਲ ਉੱਤੇ ਨਿਰਭਰ ਕਰਦਾ ਹੈ ਕਿ ਕੀ ਅਰਜ਼ੀ ਪੂਰੀ ਹੈ ਅਤੇ ਵੀਜ਼ੇ ਲਈ ਸਾਰੀਆਂ ਲੋੜਾਂ ਦੀ ਪੂਰਤੀ ਕਰਦੀ ਹੈ।

## ਸੰਭਾਵਿਤ ਵਿਆਹ ਵਾਲੇ ਵੀਜ਼ਾ ਬਿਨੈਕਾਰ

COVID-19 ਨਾਲ ਸਬੰਧਿਤ ਯਾਤਰਾ ਪਾਬੰਦੀਆਂ ਕਾਰਨ ਆਸਟ੍ਰੇਲੀਆ ਵਿੱਚ ਦਾਖਲ ਹੋਣ ਦੇ ਅਯੋਗ ਸੰਭਾਵਿਤ ਵਿਆਹ ਵਾਲੇ ਵੀਜ਼ੇ ਦੇ ਬਿਨੈਕਾਰਾਂ ਦੀ ਸਹਾਇਤਾ ਕਰਨ ਲਈ, 27 ਫਰਵਰੀ 2021 ਤੋਂ ਦਿੱਤੇ ਗਏ ਸੰਭਾਵਿਤ ਵਿਆਹ ਵਾਲੇ ਵੀਜ਼ੇ ਦੀ ਵੀਜ਼ਾ ਵੈਧਤਾ ਮਿਆਦ 9 ਤੋਂ 15 ਮਹੀਨਿਆਂ ਦੇ ਵਿਚਕਾਰ ਹੋ ਸਕਦੀ ਹੈ। ਇਹ ਪਿਛਲੇ ਮਿਆਰੀ 9 ਮਹੀਨਿਆਂ ਦੀ ਵੈਧਤਾ ਤੋਂ ਬਦਲੀ ਹੋਈ ਹੈ। 27 ਫਰਵਰੀ 2021 ਨੂੰ ਜਾਂ ਇਸ ਤੋਂ ਬਾਅਦ ਦਿੱਤੇ ਗਏ ਸੰਭਾਵਿਤ ਵਿਆਹ ਵਾਲੇ ਵੀਜ਼ੇ ਲਈ ਵੈਧਤਾ ਮਿਆਦ ਬਿਨੈਕਾਰ ਦੇ ਹਾਲਾਤਾਂ ਉੱਤੇ ਨਿਰਭਰ ਕਰੇਗੀ।

ਤੁਸੀਂ VEVO ਦੀ ਵਰਤੋਂ ਕਰਕੇ ਆਪਣੇ ਵੀਜ਼ੇ ਦੇ ਵੇਰਵਿਆਂ ਅਤੇ ਸ਼ਰਤਾਂ ਦੀ ਜਾਂਚ ਕਰ ਸਕਦੇ ਹੋ।